# Bi-Monthly (JULY 2021) ਸੈਂਪਲ ਪੇਪਰ

## (ਜਮਾਤ-10ਵੀਂ ਸਮਾਜਿਕ ਸਿੱਖਿਆ)

ਕੁੱਲ ਅੰਕ: 40

1. ਮੈਂ ਭਾਰਤ ਦਾ ਉਹ ਸੂਬਾ ਹਾਂ ਜਿਸਦਾ ਜਨਮ ਸ਼ਾਹ ਕਮਿਸ਼ਨ ਦੀ ਸਿਫਾਰਸ਼ਾਂ ਅਧੀਨ ਬੋਲੀ ਨੂੰ ਅਧਾਰ ਬਣਾ ਕੇ ਹੋਇਆ। ਮੈਂ 01 ਨਵੰਬਰ 1966 ਈ: ਨੂੰ ਹੋਂਦ ਵਿੱਚ ਆਇਆ। ਤੁਹਾਨੂੰ ਪਤਾ ਮੈਂ ਕੌਣ ਹਾਂ?

   (1) ਪੰਜਾਬ (2) ਜੰਮੂ ਕਸ਼ਮੀਰ
   (3) ਤਾਮਿਲਨਾਡੂ (4) ਉਤਰਾਖੰਡ

2. ਅਸੀਂ ਜਾਣਦੇ ਹਾਂ ਕਿ ਪਰਬਤੀ ਭਾਗਾਂ ਨੂੰ ਪਾਰ ਕਰਨਾ ਬਹੁਤ ਹੀ ਮੁਸ਼ਕਲ ਅਤੇ ਖਤਰਨਾਕ ਹੁੰਦਾ ਹੈ ਪਰ ਫੇਰ ਵੀ ਇਹਨਾਂ ਪਰਬਤਾਂ ਵਿੱਚ ਬਹੁਤ ਹੀ ਤੰਗ ਰਸਤੇ ਮਿਲ ਜਾਂਦੇ ਹਨ। ਪਹਾੜੀ ਇਲਾਕਿਆਂ ਵਿੱਚ ਪ੍ਰਚਲਿਤ ਭਾਸ਼ਾ ਅਨੁਸਾਰ ਇਹਨਾਂ ਰਸਤਿਆਂ ਨੂੰ 'ਲਾ' ਕਿਹਾ ਜਾਂਦਾ ਹੈ। ਤੁਹਾਨੂੰ ਪਤਾ ਮੈਂ ਕਿਸਦੀ ਗੱਲ ਕਰ ਰਿਹਾ ਹਾਂ?

   (1) ਚੋਟੀਆਂ (2) ਪਠਾਰਾਂ
   (3) ਦੱਰੇ (4) ਘਾਟੀਆਂ

3. ਵਿਦਿਆਰਥੀਓ! ਅੱਜਕੱਲ ਸਾਰੀ ਦੁਨੀਆਂ ਵਿੱਚ ਕਰੋਨਾ ਦੀ ਆਫ਼ਤ ਕਾਰਨ ਲੋਕਾਂ ਦੇ ਕੰਮ ਕਾਰ ਘੱਟ ਗਏ ਹਨ। ਜਿਸ ਕਾਰਨ ਉਹਨਾਂ ਦੀ ਆਮਦਨ ਵੀ ਘੱਟ ਹੋ ਗਈ ਹੈ। ਪਰ ਇਸ ਸਮੇਂ ਦੌਰਾਨ ਵਸਤੂਆਂ ਦੇ ਮੁੱਲ ਲਗਾਤਾਰ ਵੱਧ ਰਹੇ ਹਨ। ਕੱਲ ਮੇਰੇ ਪਿਤਾ ਜੀ ਜਦੋਂ ਟਰੈਕਟਰ ਵਿੱਚ ਤੇਲ ਪਵਾਉਣ ਗਏ ਤਾਂ ਡੀਜ਼ਲ ਦੀ ਕੀਮਤ 55 ਰੁਪਏ ਤੋਂ ਵੱਧ ਕੇ 90 ਰੁਪਏ ਪ੍ਰਤੀ ਲੀਟਰ ਹੋ ਚੁੱਕੀ ਸੀ। ਅਰਥ ਸ਼ਾਸਤਰ ਵਿੱਚ ਕੀਮਤਾਂ ਵਿੱਚ ਲਗਾਤਾਰ ਹੋਣ ਵਾਲੇ ਇਸ ਤਰ੍ਹਾਂ ਦੇ ਵਾਧੇ ਨੂੰ ਕੀ ਕਿਹਾ ਜਾਂਦਾ ਹੈ?

   (1) ਮੁਦਰਾ ਸਫੀਤੀ (2) ਕੀਮਤਾਂ ਦਾ ਵਧਣਾ
   (3) ਮਹਿੰਗਾਈ (4) ਵਿਕਾਸ

4. ਦਲਬੀਰ ਕੁਲਫੀਆਂ ਵੇਚਣ ਦਾ ਕੰਮ ਕਰਦਾ ਹੈ। ਗਰਮੀਆਂ ਵਿੱਚ ਤਾਂ ਉਸਦਾ ਗੁਜ਼ਾਰਾ ਵਧੀਆ ਹੋ ਜਾਂਦਾ ਹੈ ਪਰ ਸਰਦੀਆਂ ਵਿੱਚ ਉਸਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਲਗਭਗ ਬੇਰੁਜ਼ਗਾਰ ਹੀ ਰਹਿੰਦਾ ਹੈ। ਅਰਥ ਸ਼ਾਸਤਰ ਅਨੁਸਾਰ ਇਹ ਕਿਹੜੀ ਬੇਰੁਜ਼ਗਾਰੀ ਹੁੰਦੀ ਹੈ?

   (1) ਤਕਨੀਕੀ ਬੇਰੁਜ਼ਗਾਰੀ (2) ਮੌਸਮੀ ਬੇਰੁਜ਼ਗਾਰੀ
   (3) ਇੱਛੁਕ ਬੇਰੁਜ਼ਗਾਰੀ (4) ਸੰਰਚਨਾਤਮਕ ਬੇਰੁਜ਼ਗਾਰੀ

5. ਅਸੀਂ ਨਵੀਂ ਦਿੱਲੀ ਹਵਾਈ ਅੱਡੇ ਜਾ ਰਹੇ ਸੀ। ਰਸਤੇ ਵਿਚ ਪਾਣੀਪਤ ਨਾਮ ਦਾ ਸਥਾਨ ਆਇਆ। ਸਾਨੂੰ ਆਪਣੇ ਅਧਿਆਪਕ ਵੱਲੋਂ ਬਾਬਰ ਅਤੇ ਇਬਰਾਹਿਮ ਲੋਧੀ ਵਿਚਾਲੇ ਹੋਈ ਪਾਣੀਪਤ ਦੀ ਪਹਿਲੀ ਲੜਾਈ ਯਾਦ ਆਈ। ਤੁਸੀਂ ਇਹ ਦੱਸੋ ਕਿ ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ?

   (1) 1519 ਈ: (2) 1524 ਈ:
   (3) 1526 ਈ: (4) 1539 ਈ:

6. ਸਿਕੰਦਰ ਲੋਧੀ ਤੋਂ ਪਿੱਛੋਂ ਦਿੱਲੀ ਦੇ ਤਖਤ 'ਤੇ ਬੈਠਣ ਵਾਲਾ ਸ਼ਾਸਕ ਕਿਹੜਾ ਸੀ, ਜਿਸ ਵਿਚ ਸੂਝ ਅਤੇ ਸਿਆਣਪ ਸੀ। ਉਹ ਬਹਾਦਰ ਅਤੇ ਚੰਗਾ ਜਰਨੈਲ ਸੀ, ਪਰ ਆਪਣੇ ਸ਼ਾਸ਼ਨ ਕਾਲ ਵਿਚ ਬੁਰੀ ਤਰ੍ਹਾਂ ਅਸਫ਼ਲ ਹੋਇਆ।

   (1) ਸਿਕੰਦਰ ਲੋਧੀ (2) ਇਬਰਾਹੀਮ ਲੋਧੀ
   (3) ਦੌਲਤ ਖਾਂ ਲੋਧੀ (4) ਬਹਿਲੋਲ ਲੋਧੀ

7. ਮਹੇਸ਼ ਇੱਕ ਅਧਿਆਪਕ ਹੈ, ਉਹ ਰੋਜਾਨਾ ਰਸਤੇ ਵਿੱਚ ਛੋਟਿਆਂ ਬੱਚਿਆਂ ਨੂੰ ਫੈਕਟਰੀ ਵਿੱਚ ਕੰਮ ਕਰਦੇ ਦੇਖਦਾ ਹੈ। ਅਧਿਆਪਕ ਹੋਣ ਦੇ ਨਾਤੇ ਉਸਦੇ ਬੱਚਿਆਂ ਦੇ ਮਾਂ-ਬਾਪ ਨੂੰ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ 'ਤੇ ਲਗਵਾਉਣ ਲਈ ਸੰਵਿਧਾਨ ਵਿੱਚ

LIVEWORKSHEETS

ਦਿੱਤੀ ਕਾਨੂੰਨੀ ਸਜ਼ਾ ਬਾਰੇ ਦੱਸਿਆ ਤੇ ਸਕੂਲ ਭੇਜਣ ਲਈ ਕਿਹਾ। ਇਸ ਕਾਨੂੰਨੀ ਸਜਾ ਦਾ ਵਿਵਰਣ ਸੰਵਿਧਾਨ ਦੇ ਕਿਸ ਅਧਿਕਾਰ ਵਿੱਚ ਕੀਤਾ ਗਿਆ ਹੈ ?

(1) ਸੁਤੰਤਰਤਾ ਦਾ ਅਧਿਕਾਰ
(2) ਕੰਮ ਕਰਨ ਦਾ ਅਧਿਕਾਰ
(3) ਸ਼ੋਸ਼ਣ ਦੇ ਵਿਰੁੱਧ ਅਧਿਕਾਰ
(4) ਸਮਾਨਤਾ ਦਾ ਅਧਿਕਾਰ

8. 'ਸਮਾਜਵਾਦੀ', 'ਧਰਮ ਨਿਰਪੱਖ' ਅਤੇ 'ਰਾਸ਼ਟਰ ਦੀ ਅਖੰਡਤਾ' ਸ਼ਬਦਾਂ ਨੂੰ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕਦੋਂ ਜੋੜਿਆ ਗਿਆ?

(1) 1947 ਈ:
(2) 1950 ਈ:
(3) 1966 ਈ:
(4) 1976 ਈ:

9. ਭਾਰਤ ਦਾ ਖੇਤਰਫਲ ਕਿੰਨ੍ਹਾ ਹੈ?

(1) 32,87,263 ਵਰਗ ਕਿਲੋਮੀਟਰ
(2) 30,87,760 ਕਿਲੋਮੀਟਰ
(3) 32,87,782 ਵਰਗ ਮੀਟਰ
(4) 32,87,363 ਮੀਟਰ

10. ਭਾਰਤ ਵਿੱਚ ਦਰਾੜ ਘਾਟੀਆਂ ਕਿੱਥੇ ਸਥਿਤ ਹਨ?

(1) ਪ੍ਰਾਇਦੀਪੀ ਪਠਾਰ
(2) ਬੰਗਾਲ ਦੀ ਖਾੜੀ
(3) ਅਰਬ ਸਾਗਰ
(4) ਬ੍ਰਹਮਪੁੱਤਰ ਦਾ ਮੈਦਾਨ

11. ਭਾਰਤੀ ਉਪਮਹਾਂਦੀਪ ਦੇ ਨਕਸ਼ੇ ਵਿੱਚ ਲਾਲ ਰੰਗ ਨਾਲ ਇੱਕ ਦੇਸ਼ ਦਿਖਾਈ ਦੇ ਰਿਹਾ ਹੈ। ਉਸ ਦਾ ਨਾਂ ਦੱਸੋ।




(1) ਨੇਪਾਲ
(2) ਸਿੱਕਿਮ
(3) ਭੂਟਾਨ
(4) ਤਿੱਬਤ

12. ਭਾਰਤੀ ਉਪਮਹਾਂਦੀਪ ਦੇ ਨਕਸ਼ੇ ਵਿੱਚ ਲਾਲ ਰੰਗ ਦੇ ਇੱਕ ਤੀਰ ਦੇ ਨਿਸ਼ਾਨ ਵਾਲੀ ਇਸ ਲੋਕੇਸ਼ਨ (ਸਥਾਨ) ਦਾ ਨਾਮ ਦੱਸੋ?




(1) ਬੰਗਾਲ ਦੀ ਖਾੜੀ
(2) ਨਿਊ ਮੂਰਦੀਪ
(3) ਬੰਗਲਾ ਦੇਸ਼
(4) ਇੰਦਰਾ ਪੁਆਇੰਟ

13. ਛੁਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

(1) ਜਦੋਂ ਕੋਈ ਵਿਅਕਤੀ ਪ੍ਰਚਲਿਤ ਮਜ਼ਦੂਰੀ ਦੀ ਦਰ ‘ਤੇ ਕੰਮ ਕਰਨਾ ਚਾਹੇ ਫਿਰ ਵੀ ਉਸਨੂੰ ਕੰਮ ਨਾ ਮਿਲੇ।
(2) ਜਦੋਂ ਕੋਈ ਵਿਅਕਤੀ ਤਕਨੀਕਾਂ ਵਿੱਚ ਪਰਿਵਰਤਨ ਆਉਣ ਕਾਰਨ ਬੇਰੁਜ਼ਗਾਰ ਹੋ ਜਾਵੇ।
(3) ਜਦੋਂ ਖੇਤੀ ਦੇ ਕੰਮ ਵਿੱਚ ਲੋੜ ਤੋਂ ਵੱਧ ਵਿਅਕਤੀ ਕੰਮ ਕਰ ਰਹੇ ਹੁੰਦੇ ਹਨ ਅਤੇ ਉਹਨਾਂ ਦੀ ਘੱਟ ਗਿਣਤੀ ਨਾਲ ਵੀ ਕੰਮ ਹੋ ਸਕਦਾ ਹੈ।
(4) ਜਦੋਂ ਮੌਸਮ ਬਦਲਣ ਕਾਰਨ ਕੋਈ ਵਿਅਕਤੀ ਬੇਰੁਜ਼ਗਾਰ ਹੋ ਜਾਵੇ।

14. ਵਿਦੇਸ਼ੀ ਸਹਾਇਤਾ ਵਿੱਚ ਕੀ-ਕੀ ਸ਼ਾਮਿਲ ਹੈ?

(1) ਵਿਦੇਸ਼ਾਂ ਤੋਂ ਲਏ ਕਰਜ਼ੇ
(2) ਅਨੁਦਾਨ
(3) ਪੂੰਜੀ ਦਾ ਨਿਵੇਸ਼
(4) ਉਪਰੋਕਤ ਸਾਰੇ

LIVEWORKSHEETS

## ਸਰੋਤ ਅਧਾਰਿਤ (Source Based) ਪ੍ਰਸ਼ਨ : (15 ਅਤੇ 16)

ਪੰਜਾਬ ਦੇ ਨਾਂ ਵੱਖ-ਵੱਖ ਕਾਲਾਂ ਵਿੱਚ ਵੱਖ-ਵੱਖ ਰਹੇ ਹਨ। ਵੈਦਿਕ ਕਾਲ ਵਿੱਚ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦੀ ਧਰਤੀ ਦੀ ਥਾਂ ਸੱਤ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ। ਇਸ ਲਈ ਇਹਨਾਂ ਸੱਤ ਦਰਿਆਵਾਂ ਦੇ ਘੇਰੇ ਦਾ ਸਾਰਾ ਮੈਦਾਨ 'ਸਪਤ ਸਿੰਧੂ' ਅਖਵਾਉਂਦਾ ਸੀ। ਰਮਾਇਣ ਅਤੇ ਮਹਾਂਭਾਰਤ ਵੇਲੇ ਪੰਜਾਬ ਨੂੰ 'ਪੰਚ ਨਦ' ਕਿਹਾ ਜਾਂਦਾ ਸੀ। ਕਈ ਵਾਰੀ ਇਸ ਨੂੰ 'ਬ੍ਰਹਮ ਵਰਤ' ਵੀ ਕਿਹਾ ਜਾਂਦਾ ਰਿਹਾ ਹੈ। ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਦਾ ਨਾਂ ਯੂਨਾਨੀ ਭਾਸ਼ਾ ਵਿੱਚ ਪੈਂਟਾਪੋਟਾਮੀਆ, ਭਾਵ ਪੰਜ ਦਰਿਆਵਾਂ ਦੀ ਧਰਤੀ ਦਿੱਤਾ ਹੈ।

*ਉਪਰੋਕਤ ਪੈਰ੍ਹੇ ਨੂੰ ਪੜ੍ਹਨ ਤੋਂ ਬਾਅਦ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਉ:*

15. ਵੈਦਿਕ ਕਾਲ ਵਿੱਚ ਪੰਜਾਬ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?

(1) ਸਪਤ-ਸਿੰਧੂ (2) ਪੈਂਟਾਪੋਟਾਮਿਆ
(3) ਪੰਚਨਦ (4) ਬ੍ਰਹਮ ਵਰਤ

16. ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਨੂੰ ਕਿਸ ਨਾਮ ਨਾਲ ਪੁਕਾਰਿਆ?

(1) ਸੇਕੀਆ (2) ਪੈਂਟਾਪੋਟਾਮੀਆ
(3) ਟੱਕੀ (4) ਪੰਜਾਬ

17. ਦੁਆਬ ਬਾਰੀ ਨੂੰ 'ਮਾਝਾ' ਕਿਉਂ ਕਿਹਾ ਜਾਂਦਾ ਹੈ?

(1) ਕਿਉਂਕਿ ਇਹ ਇਲਾਕਾ ਪੰਜਾਬ ਦੇ ਮੱਧ ਵਿੱਚ ਹੈ।
(2) ਕਿਉਂਕਿ ਇਥੋਂ ਦੇ ਲੋਕ ਬਹੁਤ ਮਿਹਨਤੀ ਹਨ।
(3) ਕਿਉਂਕਿ ਇਥੋਂ ਦੇ ਵਸਨੀਕਾਂ ਨੇ ਬਹੁਤ ਲੜਾਈਆਂ ਲੜੀਆਂ।
(4) ਕਿਉਂਕਿ ਇੱਥੋਂ ਦੀ ਭੂਮੀ ਜ਼ਿਆਦਾ ਉਪਜਾਊ ਨਹੀਂ ਹੈ।

18. ਲੋਧੀ ਵੰਸ਼ ਦਾ ਸਭ ਤੋਂ ਪ੍ਰਸਿੱਧ ਬਾਦਸ਼ਾਹ ਕੌਣ ਸੀ?

(1) ਬਹਿਲੋਲ ਖਾਂ ਲੋਧੀ (2) ਸਿੰਕਦਰ ਲੋਧੀ
(3) ਇਬਰਾਹੀਮ ਲੋਧੀ (4) ਦੌਲਤ ਖਾਂ ਲੋਧੀ

19. ਹੇਠ ਲਿਖਿਆਂ ਵਿੱਚੋਂ ਕਿਹੜੀ ਭਾਰਤ ਦੇ ਸੰਵਿਧਾਨ ਦੀ ਵਿਸ਼ੇਸ਼ਤਾ ਨਹੀਂ ਹੈ?

(1) ਭਾਰਤੀ ਸੰਵਿਧਾਨ ਕਠੋਰ ਅਤੇ ਲਚਕੀਲਾ ਹੈ। (2) ਭਾਰਤੀ ਸੰਵਿਧਾਨ ਛੋਟਾ ਹੈ।
(3) ਭਾਰਤੀ ਸੰਵਿਧਾਨ ਲਿਖਤੀ ਹੈ। (5) ਸੰਘਾਤਮਕ ਸਰਕਾਰ

20. ............... ਇੱਕ ਮੌਲਿਕ ਕਨੂੰਨੀ ਦਸਤਾਵੇਜ ਹੁੰਦਾ ਹੈ ਜਿਸਦੇ ਅਨੁਸਾਰ ਦੇਸ਼ ਦੀ ਸਰਕਾਰ ਦਾ ਸੰਚਾਲਨ ਕੀਤਾ ਜਾਂਦਾ ਹੈ।

(1) ਸੰਵਿਧਾਨ (2) ਪ੍ਰਸਤਾਵਨਾ
(3) ਸਰਕਾਰਾਂ (4) ਅਦਾਲਤਾਂ

LIVEWORKSHEETS